## ਅਧਿਆਇ 37

# ਅੱਯੂਬ ਨੂੰ ਅਲੀਹੂ ਦੀ ਅਪੀਲ

## (ਭਾਗ 2)

ਅਧਿਆਇ 37 ਵਿਚ ਪਰਮੇਸ਼ੁਰ ਦੀ ਸ਼ਕਤੀ ਦਾ ਵਰਣਨ ਜਾਰੀ ਹੈ। ਇਨ੍ਹਾਂ ਆਇਤਾਂ ਵਿਚ "ਅਲੀਹੂ ਦੀ ਗੱਲਬਾਤ ਦੀ ਮਹਿਮਾ" ਦਾਊਦ ਦੁਆਰਾ ਇਕ ਹੋਰ ਤੂਫ਼ਾਨੀ ਹਨੇਰੀ ਦੀ ਗਰਜ਼ ਵਿਚ ਯਹੋਵਾਹ ਦੀ ਆਵਾਜ਼ ਦੇ ਵਰਣਨ ਦੇ ਸਮਾਨ ਹੈ (ਜ਼ਬੂਰ 29)।"[1]

## "ਅਕਾਸ਼ ਪਰਮੇਸ਼ੁਰ ਦੀ ਮਹਿਮਾ ਦਾ ਵਰਨਣ ਕਰਦੇ ਹਨ" (37:1-13)

**1ਹਾਂ, ਇਸ ਤੇ ਵੀ ਮੇਰਾ ਦਿਲ ਕੰਬਦਾ ਹੈ, ਅਤੇ ਆਪਣੇ ਥਾਂ ਤੋਂ ਉੱਛਲਦਾ ਹੈ। 2ਸੁਣੋ ਨਾ,
ਉਹ ਦੇ ਗੱਜਣ ਦੀ ਅਵਾਜ਼ ਨੂੰ, ਅਤੇ ਉਹ ਗੂੰਜ ਜਿਹੜੀ ਉਹ ਦੇ ਮੂੰਹੋਂ ਨਿੱਕਲਦੀ ਹੈ। 3ਉਹ
ਉਸ ਨੂੰ ਸਾਰੇ ਅਕਾਸ਼ ਦੇ ਹੇਠ ਛੱਡ ਦਿੰਦਾ ਹੈ, ਅਤੇ ਆਪਣੀ ਬਿਜਲੀ ਨੂੰ ਧਰਤੀ ਦੀਆਂ ਹੱਦਾਂ
ਤੀਕ। 4ਉਹ ਦੇ ਮਗਰ ਇੱਕ ਅਵਾਜ਼ ਗੱਜਦੀ ਹੈ, ਉਹ ਆਪਣੀ ਸ਼ਾਨਦਾਰ ਅਵਾਜ਼ ਨਾਲ
ਗੜ੍ਹਕਦਾ ਹੈ, ਅਤੇ ਉਹ ਬਿਜਲੀਆਂ ਨੂੰ ਨਹੀਂ ਰੋਕਦਾ ਜਦ ਉਹ ਦੀ ਅਵਾਜ਼ ਸੁਣਾਈ ਦਿੰਦੀ।
5ਪਰਮੇਸ਼ੁਰ ਆਪਣੀ ਅਵਾਜ਼ ਨਾਲ ਅਜੀਬ ਤੌਰ ਤੇ ਗੜ੍ਹਕਦਾ ਹੈ, ਉਹ ਵੱਡੇ ਵੱਡੇ ਕੰਮ ਕਰਦਾ
ਹੈ ਜਿਹੜੇ ਅਸੀਂ ਸਮਝਦੇ ਨਹੀਂ। 6ਉਹ ਤਾਂ ਬਰਫ਼ ਨੂੰ ਆਖਦਾ ਹੈ, "ਧਰਤੀ ਉੱਤੇ ਡਿੱਗ!"
ਨਾਲੇ ਮੀਂਹ ਦੀਆਂ ਫੁਹਾਰਾਂ ਨੂੰ, ਅਤੇ ਆਪਣੇ ਮੂਹਲੇਧਾਰ ਮੀਂਹ ਦੀਆਂ ਫੁਹਾਰਾਂ ਨੂੰ ਵੀ। 7ਉਹ
ਹਰ ਆਦਮੀ ਦੇ ਹੱਥ ਉੱਤੇ ਮੋਹਰ ਲਾਉਂਦਾ ਹੈ, ਭਈ ਉਸ ਦੇ ਸਾਰੇ ਬਣਾਏ ਹੋਏ ਮਨੁੱਖ ਏਹ
ਨੂੰ ਜਾਣਨ। 8ਤਾਂ ਦਰਿੰਦੇ ਖੁੰਧਰਾਂ ਵਿੱਚ ਜਾਂਦੇ ਹਨ, ਅਤੇ ਆਪਣੇ ਘੁਰਨਿਆਂ ਵਿੱਚ ਜਾ ਵੱਸਦੇ
ਹਨ। 9ਉਸ ਕੋਠੜੀ ਥੋਂ ਝੱਖੜ ਆਉਂਦਾ ਹੈ, ਅਤੇ ਖਿਲਾਰਨ ਵਾਲੀਆਂ ਹਵਾਵਾਂ ਨਾਲ ਪਾਲਾ
ਆਉਂਦਾ ਹੈ। 10ਪਰਮੇਸ਼ੁਰ ਦੇ ਸਾਹ ਨਾਲ ਬਰਫ਼ ਦਿੱਤੀ ਜਾਂਦੀ ਹੈ, ਅਤੇ ਚੌੜੇ ਪਾਣੀ ਜੰਮ
ਜਾਂਦੇ ਹਨ। 11ਹਾਂ, ਉਹ ਘਟਾਂ ਉੱਤੇ ਨਮੀ ਨੂੰ ਲੱਦਦਾ ਹੈ, ਉਹ ਆਪਣੀ ਬਿਜਲੀ ਦੇ ਬੱਦਲ
ਨੂੰ ਫੈਲਾਉਂਦਾ ਹੈ। 12ਉਹ ਉਸ ਦੀ ਅਗਵਾਈ ਨਾਲ ਆਲੇ ਦੁਆਲੇ ਫਿਰਦਾ ਹੈ, ਭਈ ਜੋ ਕੁਝ
ਉਹ ਹੁਕਮ ਦੇਵੇ ਓਹ ਵੱਸੇ ਹੋਏ ਜਗਤ ਦੇ ਉੱਤੇ ਪੂਰਾ ਕਰਨ। 13ਭਾਵੇਂ ਤਾੜਨ ਲਈ, ਭਾਵੇਂ
ਆਪਣੀ ਧਰਤੀ ਲਈ, ਭਾਵੇਂ ਦਯਾ ਲਈ, ਉਹ ਉਸ ਨੂੰ ਪੁਚਾਵੇ।**

**ਆਇਤ 1. ਹਾਂ, ਇਸ ਤੇ ਵੀ ਮੇਰਾ ਦਿਲ ਕੰਬਦਾ ਹੈ, ਅਤੇ ਆਪਣੇ ਥਾਂ ਤੋਂ ਉੱਛਲਦਾ ਹੈ।** ਜਦੋਂ ਅਲੀਹੂ ਨੇ ਇਕ ਭਿਆਨਕ ਹਨੇਰੀ ਵਿਚ ਪਰਮੇਸ਼ੁਰ ਦੀ ਸ਼ਕਤੀ ਦੇ ਭਿਆਨਕ ਪ੍ਰਦਰਸ਼ਨ ਤੇ ਵਿਚਾਰ ਕੀਤਾ, ਤਾਂ ਉਹ ਡਰ ਅਤੇ ਹੈਰਾਨੀ ਨਾਲ ਘਬਰਾ ਗਿਆ। ਜੋ ਲੋਕ ਵੱਡੀਆਂ ਖੁੱਲ੍ਹੀਆਂ ਥਾਵਾਂ ਤੇ ਰਹਿੰਦੇ ਹਨ ਉਹ ਤੂਫ਼ਾਨਾਂ ਦੀ ਇਸ ਸ਼ਕਤੀ ਦੇ ਗਵਾਹ ਹਨ ਜੋ ਵੱਡੀ ਦੂਰੀ ਤੋਂ ਉਨ੍ਹਾਂ ਦੇ ਵੱਲ ਵੱਧਦੇ ਚਲੇ ਆਉਂਦੇ ਹਨ।

**ਆਇਤਾਂ 2-5.** ਇਨ੍ਹਾਂ ਆਇਤਾਂ ਵਿਚ ਇਕ ਤੂਫ਼ਾਨੀ ਮੌਸਮ ਸਬੰਧੀ ਪ੍ਰਦਰਸ਼ਣ ਦੀ ਮਹਿਮਾ ਵਰਣਨ ਕੀਤੀ ਗਈ ਹੈ। ਸ਼ਬਦ ਦੁਹਰਾਏ ਜਾਣੇ, ਸ਼ਬਦ ਭਿੰਨਤਾ ਅਤੇ ਬਦਲਵੇਂ ਵਿਸ਼ਿਆਂ ਦਾ ਉਪਯੋਗ ਇਕ ਅਚਾਨਕ ਪ੍ਰਭਾਵ ਪਾਉਣ ਵਾਲੇ ਪ੍ਰਭਾਵ ਨੂੰ ਪ੍ਰਾਪਤ ਕਰਨ ਦੇ ਲਈ ਵਰਤੇ ਜਾਂਦੇ ਹਨ। ਸ਼ਬਦ **ਅਵਾਜ਼** ਪੰਜ ਵਾਰ ਪਰਗਟ ਹੁੰਦਾ ਹੈ, ਜੋ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ **ਗਰਜ਼** ਦੀਆਂ ਅਵਾਜ਼ਾਂ **ਪਰਮੇਸ਼ੁਰ** ਵੱਲੋਂ ਆਉਂਦੀਆਂ ਹਨ (ਵੇਖੋ ਜ਼ਬੂਰ 29)। ਇਨ੍ਹਾਂ ਅਵਾਜ਼ਾਂ ਨੂੰ **ਗੱਜਣ ... ਗੂੰਜ ਜਿਹੜੀ ਉਸ ਦੇ ਮੂੰਹ ਵਿੱਚੋਂ ਨਿਕਲਦੀ ਹੈ** ਦੇ ਰੂਪ ਵਿਚ ਦਰਸਾਇਆ ਜਾਂਦਾ ਹੈ। ਇਹ ਅਵਾਜ਼ **ਸ਼ਾਨਦਾਰ** ਹੈ ਕਿਉਂਕਿ ਇਹ **ਗੜ੍ਹਕ** (ਦੀ) ਹੈ। ਪਰਮੇਸ਼ਰ ਦੀ **ਗੜ੍ਹਕ** (37:2, 4, 5) **ਉਹ ਬਿਜਲੀਆਂ** ਦੇ ਨਾਲ ਬਦਲਦੀ ਹੈ (37:3, 4)। ਉਸ ਦੇ ਸ਼ਕਤੀਸ਼ਾਲੀ ਤੂਫ਼ਾਨ ਦਾ ਵਿਆਪਕ ਪ੍ਰਭਾਵ ਇਨ੍ਹਾਂ ਵਾਕਾਂ ਦੁਆਰਾ ਪਰਗਟ ਕੀਤਾ ਗਿਆ ਹੈ **ਸਾਰੇ ਅਕਾਸ਼ ਦੇ ਹੇਠ** ਅਤੇ **ਧਰਤੀ ਦੀਆਂ ਹੱਦਾਂ ਤੀਕ**। ਅਸਲ ਵਿਚ, ਪਰਮੇਸ਼ੁਰ **ਵੱਡੇ ਵੱਡੇ ਕੰਮ ਕਰਦਾ ਹੈ ਜਿਹੜੇ ਅਸੀਂ ਸਮਝਦੇ ਨਹੀਂ**!

ਐਲਬਰਟ ਬਰਨਸ ਨੇ ਤੂਫ਼ਾਨ ਦੇ ਵਿਸ਼ੇ ਵਿਚ ਟਿੱਪਣੀ ਕੀਤੀ:

> ਇਹ ਬਹੁਤ ਸਾਰੇ ਲੋਕਾਂ ਦੇ ਦੁਆਰਾ ਮੰਨਿਆ ਜਾਂਦਾ ਹੈ, ਅਤੇ ਸੰਭਾਵਨਾ ਤੋਂ ਬਿਨਾਂ ਨਹੀਂ ਹੈ, ਕਿ ਤੂਫ਼ਾਨ ਪਹਿਲਾਂ ਤੋਂ ਹੀ ਵੱਧਦਾ ਵੇਖਿਆ ਗਿਆ ਸੀ, ਜਿਸ ਵਿੱਚੋਂ ਪਰਮੇਸ਼ੁਰ ਨੇ ਅੱਯੂਬ ਨੂੰ ਸੰਬੋਧਤ ਕਰਨਾ ਸੀ [ਅਧਿਆਇ 38] ਅਤੇ ਇਹ ਕਿ ਅਲੀਹੂ ਇੱਥੇ ਆਪਣੇ ਸਰੋਤਿਆਂ ਦਾ ਵਿਸ਼ੇਸ਼ ਧਿਆਨ ਸਭਾ ਵਿੱਚ ਆਉਣ ਵਾਲੇ ਤੂਫ਼ਾਨ ਅਤੇ ਘੱਟ ਦੂਰੀ ਵਾਲੀ ਗਰਜਣ ਵੱਲ ਦਿਵਾਉਣਾ ਚਾਹੁੰਦਾ ਹੈ।[2]

**ਆਇਤ 6.** ਅਲੀਹੂ ਇਹ ਕਹਿੰਦੇ ਹੋਏ ਅੱਗੇ ਵਧਿਆ ਕਿ ਪਰਮੇਸ਼ੁਰ **ਮੀਂਹ** ਅਤੇ **ਬਰਫ਼** ਨੂੰ ਹੁਕਮ ਦਿੰਦਾ ਹੈ। ਜੌਨ ਈ. ਹਾਰਟਲੀ ਨੇ ਲਿਖਿਆ, "ਕਦੀ ਕਦੀ ਫ਼ਿਲਿਸਤੀਨ ਦੇ ਪਹਾੜਾਂ ਵਿਚ ਸਰਦੀਆਂ ਦੀ ਬਾਰਿਸ਼ ਡਿੱਗਣ ਵਾਲੀ ਬਰਫ਼ ਦੇ ਰੂਪ ਵਿਚ ਬਦਲ ਜਾਂਦੀ ਹੈ। *ਮੀਂਹ* ਇਕ ਚਮਤਕਾਰ ਹੈ, ਅਤੇ ਘੱਟ ਹੀ ਦੇਖਿਆ ਜਾਂਦਾ ਹੈ ਕਿ *ਬਰਫ਼* ਹੋਰ ਵੀ ਹੈਰਾਨੀਜਨਕ ਹੈ।"[3]

**ਆਇਤ 7.** ਬਰਫ਼ ਅਤੇ ਮੀਂਹ ਭੇਜਣ ਦੇ ਦੁਆਰਾ, ਪਰਮੇਸ਼ੁਰ ਮਨੁੱਖ ਨੂੰ ਉਸ ਦੇ ਰੱਬੀ ਅਧਿਕਾਰ ਦੇ ਵਿਸ਼ੇ ਵਿਚ ਸੋਚਣ ਦੇ ਲਈ ਮਜ਼ਬੂਰ ਕਰਦਾ ਹੈ। **ਉਹ ਹਰ ਆਦਮੀ ਦੇ ਹੱਥ ਉੱਤੇ ਮੋਹਰ ਲਾਉਂਦਾ ਹੈ** ਦਾ ਅਰਥ ਇਹ ਹੈ ਕਿ ਜਦੋਂ ਸਰਦੀਆਂ ਦੀ ਬਰਫ਼ ਪੈਂਦੀ ਅਤੇ ਬਾਰਿਸ਼ ਹੁੰਦੀ ਹੈ ਤਾਂ ਖੇਤੀਬਾੜੀ ਨਾਲ ਸਬੰਧਤ ਸਾਰੀਆਂ ਗਤੀਵਿਧੀਆਂ ਨੂੰ ਬੰਦ ਕਰ ਦਿੱਤਾ ਜਾਣਾ ਚਾਹੀਦਾ ਹੈ। ਠੰਡੇ ਅਤੇ ਗਿੱਲੇ ਮੌਸਮ ਵਿਚ ਲੋਕਾਂ ਨੂੰ ਘਰਾਂ ਦੇ ਅੰਦਰ ਰੱਖਿਆ ਜਾਣਾ ਚਾਹੀਦਾ ਹੈ।

**ਆਇਤ 8.** ਮਨੁੱਖਜਾਤੀ ਦੇ ਨਾਲ ਨਾਲ, ਜਾਨਵਰ ਵੀ ਬਰਫ਼ ਅਤੇ ਮੀਂਹ ਨਾਲ ਪ੍ਰਭਾਵਿਤ ਹੁੰਦੇ ਹਨ। ਉਹ ਸਰਦੀ ਵਿਚ ਹਾਈਬਰਨੇਸ਼ਨ ਜਾਂ ਤੱਤਾਂ ਤੋਂ ਸੁਰੱਖਿਆ ਦੇ ਲਈ ਸ਼ਰਨ ਭਾਲਦੇ ਹਨ। ਵਿਲੀਅਮ ਡੀ. ਰੀਬਰਨ ਨੇ ਟਿੱਪਣੀ ਕੀਤੀ, "*ਦਰਿੰਦੇ* [חַיָּה, *ਚਾਯਯਾ*] ਆਮ ਤੌਰ ਤੇ ਜੰਗਲੀ ਜਾਨਵਰਾਂ ਨੂੰ ਦਰਸਾਉਂਦਾ ਹੈ, ਜਿਵੇਂ ਕਿ 5:23; 39:15; 40.20 ਵਿਚ ਹੈ। *ਖੁੰਧਰਾਂ* [אֶרֶב, *ਅਰੇਬ*] ਨਾਂਵ ਦੇ ਅਧਾਰ ਤੇ ਇਕ ਕਿਰਿਆ ਦੇ ਆਧਾਰ ਤੇ ਜਿਸ ਦਾ ਅਰਥ ਹੈ 'ਹਮਲਾ ਕਰਨਾ।' ਇਹ ਇੱਕ ਗੁਪਤ ਸਥਾਨ ਦਾ ਸੰਕੇਤ ਕਰਦਾ ਹੈ ਜਿੱਥੇ ਜਾਨਵਰ ਨਜ਼ਰ ਤੋਂ ਛੁਪਿਆ ਰਹਿੰਦਾ ਹੈ।"[4] ਸ਼ਬਦ **ਖੁੰਧਰਾਂ** ਅਤੇ **ਘੁਰਨਿਆਂ** ਅਗਲੇ ਅਧਿਆਇ ਵਿਚ ਫਿਰ ਤੋਂ ਇਕੱਠੇ ਨਜ਼ਰ ਆਉਂਦੇ ਹਨ (38:40)।

**ਆਇਤ 9. ਉਸ ਕੋਠੜੀ ਥੋਂ ਝੱਖੜ ਆਉਂਦਾ ਹੈ, ਅਤੇ ਖਿਲਾਰਨ ਵਾਲੀਆਂ ਹਵਾਵਾਂ**

**ਨਾਲ ਪਾਲਾ ਆਉਂਦਾ ਹੈ।** ਇਹ ਮਸੋਪੋਤਾਮੀਆ ਵਿਚ ਬਿਲਕੁਲ ਸਹੀ ਹੈ ਜਿਵੇਂ ਸੰਯੁਕਤ ਰਾਜ ਵਿਚ ਹੈ। ਕਿਉਂਕਿ ਦੋਵੇਂ ਸਥਾਨ ਸਮਾਨ ਵਿਸਥਾਰ ਵਾਲੇ ਹਨ। ਇਸ ਆਇਤ ਦਾ ਇਕ ਹੋਰ ਵਧੇਰੇ ਸ਼ਾਬਦਿਕ ਅਨੁਵਾਦ ਹੈ: "*ਇਸ ਦੀ ਕੋਠੜੀ* ਤੋਂ ਤੂਫ਼ਾਨ ਆਉਂਦਾ ਹੈ, ਅਤੇ *ਖਿਲਾਰਨ ਵਾਲੀਆਂ* ਹਵਾਵਾਂ ਪਾਲਾ ਲਿਆਉਂਦੀ ਹੈ" (ਵੇਖੋ NIV; NRSV; NLT)। ਸ਼ਬਦ "ਕੋਠੜੀ" (חֶדֶר, *ਚੇਡੇਰ)* ਲਾਖਣਿਕ ਰੂਪ ਵਿਚ ਇਕ ਅਜਿਹੀ ਜਗ੍ਹਾ ਦਾ ਹਵਾਲਾ ਦਿੰਦਾ ਹੈ ਜਿੱਥੇ ਹਵਾ ਜਮ੍ਹਾਂ ਹੁੰਦੀ ਹੈ (ਜ਼ਬੂਰ 135:7; ਯਿਰਮਿਯਾਹ 10:13; 51:16; ਵੇਖੋ ਅੱਯੂਬ 38:22)। ਇਹ ਸ਼ਬਦ 9:9 ਵਿਚ "ਦੱਖਣ ਦੀਆਂ ਕੋਠੜੀਆਂ" ਵਿਚ ਵੀ ਆਉਂਦਾ ਹੈ-ਸ਼ਾਇਦ ਦੱਖਣ ਵਿਚ ਇਕ ਤਾਰੇ ਦਾ ਸਥਾਨ।[5] ਸ਼ਬਦ ਜਿਸ ਦਾ ਅਨੁਵਾਦ "ਖਿਲਾਰਨ," מְזָרִים *(ਮੇਜ਼ਾਰਿਮ)*, ਕੁਝ ਲੋਕਾਂ ਦੇ ਰਾਹੀਂ ਨਾਂਵ מַזָּרוֹת *(ਮੇਜ਼ਾਰੋਥ)* ਦਾ ਇਕ ਭਿੰਨ ਰੂਪ ਮੰਨਿਆ ਜਾਂਦਾ ਹੈ, ਜਿਸ ਦਾ ਅਰਥ ਹੈ "ਤਾਰਾਮੰਡਲ" (NJPSV; ਵੇਖੋ 38:32)। ਪਰ, ਮੇਜ਼ਾਰਿਮ ਨੂੰ ਆਮ ਤੌਰ ਤੇ ਕਿਰਿਆ זָרָה *(ਜ਼ਾਰਾਹ)* ਦੇ ਰੂਪ ਵਿਚ ਪਹਿਚਾਣਿਆ ਜਾਂਦਾ ਹੈ, ਜਿਸ ਦਾ ਅਰਥ ਹੈ "ਖਿਲਾਰਨਾ" ਅਤੇ ਇਹ ਅਕਸਰ ਹਵਾ ਦੇ ਨਾਲ ਸੰਬੰਧਤ ਹੁੰਦਾ ਹੈ। NRSV ਵਿਚ "ਖਿਲਾਰਰਨ ਵਾਲੀਆਂ ਹਵਾਵਾਂ," ਸੰਭਵ ਤੌਰ ਤੇ ਉੱਤਰ ਵੱਲ ਵੱਗ ਰਹੀ ਹਵਾ ਨੂੰ ਦਰਸਾਉਂਦਾ ਹੈ।[6]

**ਆਇਤ 10.** ਠੰਡੀ ਹਵਾ ਨੂੰ **ਪਰਮੇਸ਼ੁਰ ਦੇ ਸਾਹ ਵਜੋਂ** ਠਹਿਰਾਇਆ ਗਿਆ ਹੈ। ਜਦੋਂ ਹਵਾ ਦਾ ਤਾਪਮਾਨ ਕਾਫ਼ੀ ਘੱਟ ਜਾਂਦਾ ਹੈ, **ਪਾਣੀ ਜੰਮ ਜਾਂਦੇ** ਹਨ **ਬਰਫ਼** ਬਣਾਉਂਦੇ ਹਨ। ਜ਼ਬੂਰਾਂ ਦਾ ਲੇਖਕ ਲਿਖਦਾ ਹੈ,

> ਉਹ ਆਪਣਾ ਹੁਕਮ ਧਰਤੀ ਉੱਤੇ ਘੱਲਦਾ ਹੈ, ਉਹ ਦਾ ਬਚਨ ਬਹੁਤ ਤੇਜ ਦੌੜਦਾ ਹੈ। ਉਹ ਬਰਫ਼ ਉੱਨ ਵਾਂਙੁ ਪਾਉਂਦਾ ਹੈ, ਅਤੇ ਕੱਕਰ ਸੁਆਹ ਵਾਂਙੁ ਖਿੰਡਾਉਂਦਾ ਹੈ। ਉਹ ਆਪਣੀ ਬਰਫ਼ ਨੂੰ ਟੁਕੜੇ ਟੁਕੜੇ ਕਰ ਕੇ ਸੁੱਟਦਾ ਹੈ, ਉਹ ਦੇ ਪਾਲੇ ਅੱਗੇ ਕੌਣ ਖੜਾ ਰਹਿ ਸੱਕਦਾ ਹੈ? ਉਹ ਆਪਣਾ ਹੁਕਮ ਘੱਲ ਕੇ ਉਨ੍ਹਾਂ ਨੂੰ ਪਿਘਲਾ ਦਿੰਦਾ ਹੈ, ਉਹ ਆਪਣੀ ਪੌਣ ਚਲਾਉਂਦਾ ਹੈ, ਪਾਣੀ ਵਗ ਪੈਂਦੇ ਹਨ (ਜ਼ਬੂਰ 147:15-18)।

**ਆਇਤ 11.** ਪਾਣੀ ਦੇ ਭਾਫ਼ ਬਣਕੇ ਉੱਡਣ ਅਤੇ ਮੀਂਹ ਦੇ ਬੱਦਲਾਂ ਵਿਚ ਇਕੱਠੇ ਹੋਣ ਦੀ ਪ੍ਰਕਿਰਿਆ ਤੇ ਪਿਛਲੇ ਅਧਿਆਇ ਵਿਚ ਚਰਚਾ ਕੀਤੀ ਗਈ ਹੈ (36:27-30 ਤੇ ਟਿੱਪਣੀਆਂ ਵੇਖੋ)। ਰੋਬਰਟ ਐੱਲ. ਐਲਡਨ ਨੇ ਟਿੱਪਣੀ ਕੀਤੀ, "'ਬਿਜਲੀ' ਪਹਿਲੀ ਵਾਰ 36:30 ਵਿਚ ਪਰਗਟ ਹੋਈ ਹੈ, ਗਰਜ ਦੇ ਨਾਲ, ਗਰਜਾਂ ਅਤੇ ਗੂੰਜਣ ਨੂੰ ਦਰਸਾਉਂਦੀ ਹੈ (36:29-30, 32-33; 37:2-5)।"[7]

**ਆਇਤ 12.** ਪਰਮੇਸ਼ੁਰ ਤੂਫ਼ਾਨੀ ਬੱਦਲਾਂ ਨੂੰ ਕਿਸੇ ਵੀ ਦਿਸ਼ਾ ਵਿਚ ਭੇਜ ਦਿੰਦਾ ਹੈ ਜਿਸ ਨੂੰ ਉਹ ਚੁਣਦਾ ਹੈ; ਸਭ ਕੁਝ ਉਸ ਦੀ **ਅਗਵਾਈ** ਅਤੇ ਉਸ ਦੇ **ਹੁਕਮ** ਦੇ ਰਾਹੀਂ ਕੀਤਾ ਜਾਂਦਾ ਸੀ।

**ਆਇਤ 13.** ਅਲੀਹੂ ਨੇ ਪਰਮੇਸ਼ੁਰ ਦੀ ਮਹਾਨਤਾ ਅਤੇ ਨਿਆਂ ਬਾਰੇ ਆਪਣੇ ਮੁੱਖ ਨੁਕਤੇ ਤੇ ਵਾਪਸ ਆ ਕੇ ਇਸ ਭਾਗ ਨੂੰ ਖਤਮ ਕੀਤਾ। ਪਰਮੇਸ਼ੁਰ ਨੇ **ਤਾੜਨ ਲਈ** ਤੂਫ਼ਾਨਾਂ ਦੀ ਵਰਤੋਂ ਕੀਤੀ। ਕਈਆਂ ਮੌਕਿਆਂ ਤੇ, ਬੁਰਾਈਆਂ ਦੀ ਸਜ਼ਾ ਦੇਣ ਦੇ ਲਈ ਉਸ ਨੇ ਮੀਂਹ ਅਤੇ ਗੜ੍ਹਿਆਂ ਦੀ ਵਰਤੋਂ ਕੀਤੀ (ਉਤਪਤ 6:17; ਕੂਚ 9:18; ਯਹੋਸ਼ੁਆ 10:11)। ਸ਼ਬਦ שֵׁבֶט *(ਸ਼ੇਬੇਟ)*, ਜੋ ਅਕਸਰ ਅਰਥ "ਤਾੜਨਾ" ਨੂੰ ਦਰਸਾਉਂਦਾ ਹੈ, ਜੋ ਅਕਸਰ ਇਕ ਅਸਲੀ "ਡੰਡੇ" ਨੂੰ ਦਰਸਾਉਂਦਾ ਹੈ ਜੋ ਸਜ਼ਾ ਦੇਣ ਜਾਂ ਅਨੁਸ਼ਾਸਨ ਦੇ ਲਈ ਇਸਤੇਮਾਲ ਕੀਤਾ ਜਾਂਦਾ ਹੈ (9:34; 21:9; ਕਹਾਉਤਾਂ 10:13; 22:15; 23:13, 14; 26:3; 29:15)।

ਇਸ ਤੋਂ ਇਲਾਵਾ, ਪਰਮੇਸ਼ੁਰ **ਆਪਣੀ ਧਰਤੀ ਲਈ** ਵੀ ਇਸ ਸ਼ਬਦ ਦੀ ਵਰਤੋਂ ਕਰਦਾ ਹੈ। ਸ਼ਬਦ "ਧਰਤੀ" ਦੇ ਲਈ אֶרֶץ *(ਏਰੇਟਸ)*, ਦਾ ਅਨੁਵਾਦ "ਜ਼ਮੀਨ" (KJV; ASV; NRSV) ਜਾਂ "ਭੂਮੀ" (TEV; NIV; NCV) ਵੀ ਕੀਤਾ ਜਾ ਸਕਦਾ ਹੈ। ਮੀਂਹ ਤੋਂ ਬਿਨਾਂ, ਧਰਤੀ ਸੁੱਕ ਜਾਂਦੀ ਹੈ ਅਤੇ ਬਨਸਪਤੀ ਮੁਰਝਾ ਜਾਂਦੀ ਹੈ ਅਤੇ ਪੌਦੇ, ਜਾਨਵਰ ਅਤੇ ਆਖਿਰਕਾਰ ਮਨੁੱਖ ਮਰ ਜਾਂਦੇ ਹਨ। ਇਸ ਲਈ, ਮੀਂਹ ਦੀ ਬਰਕਤ ਵੀ ਮਨੁੱਖਜਾਤੀ ਦੇ ਪ੍ਰਤੀ ਪਰਮੇਸ਼ੁਰ ਦੀ **ਦਯਾ** (חֶסֶד, *ਚੇਸੇਡ)* ਦਾ ਨਤੀਜਾ ਹੈ (1 ਰਾਜਿਆਂ 8:36; 18:45; ਯਿਰਮਿਯਾਹ 5:24; ਰਸੂਲਾਂ ਦੇ ਕਰਤੱਬ 14:17)।

## ਅੱਯੂਬ ਨੂੰ ਇਕ ਨਿੱਜੀ ਅਪੀਲ (37:14-20)

**[14]ਹੇ ਅੱਯੂਬ, ਏਸ ਵੱਲ ਕੰਨ ਲਾ, ਖੜ੍ਹਾ ਹੋ ਅਤੇ ਪਰਮੇਸ਼ੁਰ ਦੇ ਅਚੰਭਿਆਂ ਨੂੰ ਗੌਹ ਨਾਲ ਸੋਚ। [15]ਕੀ ਤੂੰ ਜਾਣਦਾ ਹੈਂ ਕਿ ਪਰਮੇਸ਼ੁਰ ਕਿਵੇਂ ਉਨ੍ਹਾਂ ਉੱਤੇ ਹੁਕਮ ਚਲਾਉਂਦਾ ਹੈ, ਅਤੇ ਆਪਣੇ ਬੱਦਲਾਂ ਦੀ ਬਿਜਲੀ ਚਮਕਾਉਂਦਾ ਹੈ? [16]ਕੀ ਤੂੰ ਬੱਦਲਾਂ ਦਾ ਤੋਲਣਾ ਸਮਝਦਾ ਹੈਂ, ਉਹ ਦੇ ਅਚੰਭੇ ਜੋ ਗਿਆਨ ਵਿੱਚ ਸੰਪੂਰਨ ਹੈ, - [17]ਤੂੰ ਜਿਹ ਦੇ ਲੀੜੇ ਗਰਮ ਹਨ, ਜਦ ਦੱਖਣੀ ਹਵਾ ਤੋਂ ਧਰਤੀ ਸੁੰਨ ਹੈ? [18]ਭਲਾ, ਤੂੰ ਉਹ ਦੇ ਨਾਲ ਅਕਾਸ਼ ਮੰਡਲ ਤਾਣ ਸੱਕਦਾ ਹੈਂ, ਜਿਹੜਾ ਢਾਲੇ ਹੋਏ ਸ਼ੀਸ਼ੇ ਵਾਂਙੁ ਨਿੱਗਰ ਹੈ? [19]ਸਾਨੂੰ ਸਮਝਾ ਭਈ ਆਪਾਂ ਉਹ ਨੂੰ ਕੀ ਆਖੀਏ, ਅਸੀਂ ਆਪਣੀਆਂ ਗੱਲਾਂ ਨੂੰ ਅਨ੍ਹੇਰ ਦੇ ਕਾਰਨ ਸੁਆਰ ਨਹੀਂ ਸੱਕਦੇ। [20]ਭਲਾ, ਉਹ ਨੂੰ ਦੱਸਿਆ ਜਾਵੇ ਕਿ ਮੈਂ ਬੋਲਾਂਗਾ? ਕੋਈ ਮਨੁੱਖ ਕਦੀ ਆਖ ਬੈਠੇ ਕਿ ਮੈਂ ਨਿਗਲ ਲਿਆ ਜਾਵਾਂ?**

**ਆਇਤ 14.** ਅਲੀਹੂ ਨੇ ਅੱਯੂਬ ਦੇ ਨਾਲ ਆਪਣੀ ਗੱਲਬਾਤ ਦੀ ਸਮਾਪਤੀ **ਅੱਯੂਬ** ਨੂੰ ਵਿਅਕਤੀਗਤ ਅਪੀਲ ਨਾਲ ਕੀਤੀ ਕਿ ਉਹ **ਪਰਮੇਸ਼ੁਰ ਦੇ ਅਚੰਭਿਆਂ** ਦੇ ਵਿਸ਼ੇ ਵਿਚ ਉਸ ਦੀਆਂ ਦਲੀਲਾਂ ਸੁਣੇ। ਅੱਯੂਬ ਦਾ ਇਹ ਸਿੱਧਾ ਹਵਾਲਾ ਅਲੀਹੂ ਦੀਆਂ ਗੱਲਾਂਬਾਤਾਂ ਵਿੱਚੋਂ ਆਖ਼ਰੀ ਹੈ (33:1 ਤੇ ਟਿੱਪਣੀਆਂ ਵੇਖੋ)। ਐਲਡਨ ਨੇ ਟਿੱਪਣੀ ਕੀਤੀ,

> ਆਇਤ 14 ਦੀ ਦੂਜੀ ਪੰਗਤੀ ਸ਼ਾਇਦ ਅਲੀਹੂ ਦਾ ਸਭ ਤੋਂ ਮਹੱਤਵਪੂਰਣ ਕਥਨ ਹੈ ਅਤੇ ਇਕ ਚੀਜ਼ ਜਿਸ ਨੇ ਅੱਯੂਬ ਨੂੰ ਆਖ਼ਰਕਾਰ ਕਰਨ ਦੇ ਲਈ ਮਜ਼ਬੂਰ ਕੀਤਾ ਸੀ। ਇਹ ਆਖ਼ਰਕਾਰ ਉਸ ਦੀ ਸਮੱਸਿਆ ਦਾ ਹੱਲ ਸੀ ਅਤੇ ਉਸ ਦੀਆਂ ਬੀਮਾਰੀਆਂ, ਸਰੀਰਕ, ਭਾਵਨਾਤਮਕ, ਅਤੇ ਵਿਵਹਾਰਕ ਇਲਾਜ ਸੀ।[8]

**ਆਇਤ 15.** ਅਲੀਹੂ ਨੇ ਅੱਯੂਬ ਦੇ ਕੋਲੋਂ ਪੁੱਛਿਆ ਕਿ ਕੀ ਉਹ ਦੱਸ ਸੱਕਦਾ ਹੈ ਕਿ **ਪਰਮੇਸ਼ੁਰ** *ਕਿਵੇਂ* **ਬੱਦਲਾਂ** ਦੀ **ਬਿਜਲੀ** ਨੂੰ ਬਾਹਰ ਲਿਆਉਂਦਾ ਹੈ। ਇਨ੍ਹਾਂ ਅਲੰਕਾਰਿਕ ਪ੍ਰਸ਼ਨਾਂ ਦਾ ਉੱਤਰ ਅਤੇ ਨਾਲ ਹੀ ਇਸ ਦੇ ਪਿੱਛੇ ਆਉਣ ਵਾਲੇ ਪ੍ਰਸ਼ਨਾਂ ਦਾ ਉੱਤਰ "ਨਾਂਹ" ਹੀ ਹੈ। ਉਨ੍ਹਾਂ ਲੋਕਾਂ ਦੀ ਉਮੀਦ ਹੈ ਕਿ ਇਹ ਸਾਰੇ ਪ੍ਰਸ਼ਨ ਅਤੇ ਅਧਿਆਇ 38 ਤੋਂ 41 ਤੱਕ ਦੇ ਸਾਰੇ ਪ੍ਰਸ਼ਨ ਪਰਮੇਸ਼ੁਰ ਨੇ ਅੱਯੂਬ ਨੂੰ ਪੁੱਛੇ ਸਨ।

**ਆਇਤਾਂ 16, 17.** ਅਲੀਹੂ ਨੇ ਅੱਯੂਬ ਨੂੰ ਪਰਮੇਸ਼ੁਰ ਤੋਂ ਵੱਖਰਾ ਕਰ ਦਿੱਤਾ, **ਜੋ ਗਿਆਨ ਵਿੱਚ ਸੰਪੂਰਨ ਹੈ।** ਵਿਅੰਗਾਤਮਕ ਗੱਲ ਇਹ ਹੈ ਕਿ ਪਹਿਲਾਂ ਅਲੀਹੂ ਨੇ ਆਪਣੇ ਆਪ ਦੇ ਲਈ ਇਸ ਅਹੁਦੇ ਦੀ ਵਰਤੋਂ ਕੀਤੀ ਸੀ (36:4)। ਸਪੱਸ਼ਟ ਹੈ ਕਿ ਅੱਯੂਬ ਪੂਰੀ ਤਰ੍ਹਾਂ ਇਹ ਨਹੀਂ ਸਮਝਿਆ ਕਿ ਕਿਵੇਂ **ਬੱਦਲ** ਅਕਾਸ਼ ਵਿਚ ਫੈਲਦੇ ਸਨ, ਨਾ ਹੀ ਉਸ ਦਾ ਮੌਸਮ ਤੇ ਕੋਈ ਨਿਯੰਤਰਣ ਨਹੀਂ ਸੀ।

ਅਲੀਹੂ ਨੇ ਅੱਯੂਬ ਦੇ **ਲੀੜੇ ਗਰਮ** ਹੋਣ ਦੇ ਬਾਰੇ ਦੱਸਿਆ। ਮਾਰਵਿਨ ਐੱਚ. ਪੋਪ ਨੇ ਸਮਝਾਇਆ, "ਰੇਗਿਸਤਾਨ ਦੀ ਊਸ਼ਮ ਹਵਾ ਕਿਸੇ ਨੂੰ ਇੰਜ ਮਹਿਸੂਸ ਕਰਵਾਉਂਦੀ ਹੈ ਜਿਵੇਂ ਕੱਪੜਿਆਂ ਵਿਚ ਉਸ ਦਾ ਸਾਹ ਘੁੱਟਦਾ ਪਿਆ ਹੋਵੇ।"[9] **ਦੱਖਣੀ ਹਵਾ ਤੋਂ ਧਰਤੀ ਸੁੰਨ** ਹੋਵੇਗੀ। ਵੱਗ ਅਤੇ ਇੱਜੜ ਵੱਡੀਆਂ ਚੱਟਾਨਾਂ ਦੇ ਹੇਠਾਂ ਅਤੇ ਗੁਫ਼ਾਵਾਂ ਵਿਚ ਸ਼ਰਨ ਲੈਂਦੇ ਹਨ, ਜਦ ਕਿ ਕਾਮੇ ਆਪਣੇ ਘਰਾਂ ਵਿਚ ਅਰਾਮ ਕਰਨ ਦੇ ਲਈ, ਸਾਰੇ ਦਰਵਾਜ਼ੇ ਅਤੇ ਖਿੜਕੀਆਂ ਬੰਦ ਕਰਦੇ ਹੋਏ, ਖੇਤਾਂ ਨੂੰ ਛੱਡ ਦੇਣਗੇ। ਐਲਡਨ ਨੇ ਟਿੱਪਣੀ ਕੀਤੀ, "ਭੈੜੀ, ਰੇਤ ਨਾਲ ਭਰੀ ਸਿਰੋਕੋ ਆਮ ਤੌਰ ਤੇ ਪੂਰਬ ਤੋਂ ਆਉਂਦੀ ਹੈ, ਪਰ ਇਹ ਦੱਖਣ ਤੋਂ ਵੀ ਆ ਸਕਦੀ ਹੈ (15:2; 27:21; ਲੂਕਾ 12:55 ਨਾਲ ਤੁਲਨਾ ਕਰੋ)।"[10]

**ਆਇਤ 18. ਭਲਾ, ਤੂੰ ਉਹ ਦੇ ਨਾਲ ਅਕਾਸ਼ ਮੰਡਲ ਤਾਨ ਸੱਕਦਾ ਹੈਂ, ਜਿਹੜਾ ਢਾਲੇ ਹੋਏ ਸ਼ੀਸ਼ੇ ਵਾਂਙu ਨਿੱਗਰ ਹੈ?** ਕਿਰਿਆ "ਤਾਨ" (רָקַע, *ਰਾਕਾ*) ਦਾ ਅਨੁਵਾਦ "ਅੱਗ ਵਿੱਚ ਕੁੱਟਣਾ" ਵੀ ਹੋ ਸਕਦਾ ਹੈ (NEB)। ਇਹ ਸ਼ਬਦ ਉਨ੍ਹਾਂ ਪ੍ਰਸੰਗਾਂ ਵਿਚ ਪਰਗਟ ਹੁੰਦਾ ਹੈ ਜਿੱਥੇ ਧਾਤਾਂ ਨੂੰ ਕੁੱਟਣ ਵਾਲਾ ਸੋਨੇ, ਕਾਂਸੇ ਜਾਂ ਚਾਂਦੀ ਦੀਆਂ ਚੱਦਰਾਂ ਨੂੰ ਕੱਟਦਾ ਹੈ (ਕੂਚ 39:3; ਗਿਣਤੀ 16:39 [17:4]; ਯਿਰਮਿਯਾਹ 10:9)। "ਅਕਾਸ਼" "ਪਿਘਲੇ ਹੋਏ ਸ਼ੀਸ਼ੇ" ਦੀ ਤਾਕਤ ਦੇ ਵਾਂਗ ਹੈ। ਪੁਰਾਤਨ ਸ਼ੀਸ਼ੇ ਅਕਸਰ ਕਾਂਸੇ (ਕੂਚ 38:8) ਤੋਂ ਕੱਟੇ ਜਾਂਦੇ ਸਨ,[11] ਇਕ ਧਾਂਤ ਜਿਸ ਨਾਲ ਸੋਕੇ ਦੇ ਸਮੇਂ ਅਕਾਸ਼ ਦੀ ਤੁਲਨਾ ਕੀਤੀ ਜਾਂਦੀ ਹੈ (ਬਿਵਸਥਾ ਸਾਰ 28:23, 24)।

**ਆਇਤ 19.** ਕਤਲੇਆਮ ਦੀ ਵਰਤੋਂ ਕਰਦਿਆਂ, ਅਲੀਹੂ ਨੇ ਅੱਯੂਬ ਨੂੰ ਸੱਦਿਆ ਕਿ ਉਹ ਉਸ ਨੂੰ ਅਤੇ ਮਿੱਤਰਾਂ ਨੂੰ **ਸਮਝਾ** (ਵੇ) ਕਿ ਪਰਮੇਸ਼ੁਰ ਨੂੰ ਕੀ **ਆਖੀਏ**। ਕਿਉਂਕਿ ਅੱਯੂਬ ਕੁਦਰਤ ਵਿਚ ਪਰਮੇਸ਼ੁਰ ਦੇ ਕੰਮਾਂ ਨੂੰ ਨਹੀਂ ਸਮਝ ਸਕਦਾ ਸੀ, ਇਸ ਲਈ ਉਹ ਇਸ ਗੱਲ ਨੂੰ ਵੀ ਨਹੀਂ ਸਮਝ ਸਕਦਾ ਸੀ ਕਿ ਪਰਮੇਸ਼ੁਰ ਉਸ ਦੇ ਜੀਵਨ ਵਿਚ ਕਿਵੇਂ ਕੰਮ ਕਰਦਾ ਸੀ। ਅੱਯੂਬ ਦੇ ਲਈ (ਉਸ ਦੇ) ਮੁਕੱਦਮੇ ਨੂੰ **ਸੁਆਰ** ਕੇ ਰੱਖਣ ਦਾ ਕੋਈ ਫਾਇਦਾ ਨਹੀਂ ਸੀ (13:18; 23:4; 35;14; ਵੇਖੋ 32:14; 33:5)। ਹਾਲਾਂਕਿ ਅੱਯੂਬ ਦੀ ਕਿਤਾਬ ਵਿਚ **ਅਨ੍ਹੇਰ** ਅਕਸਰ ਮੌਤ ਅਤੇ ਉਦਾਸੀ ਨਾਲ ਜੁੜਿਆ ਹੁੰਦਾ ਹੈ, ਪਰ ਇੱਥੇ ਇਹ ਅਗਿਆਨਤਾ ਦੇ ਲਈ ਵਰਤਿਆ ਗਿਆ ਹੈ (ਵੇਖੋ 38:2)।

**ਆਇਤ 20. ਭਲਾ, ਉਹ ਨੂੰ ਦੱਸਿਆ ਜਾਵੇ ਕਿ ਮੈਂ ਬੋਲਾਂਗਾ? ਕੋਈ ਮਨੁੱਖ ਕਦੀ ਆਖ ਬੈਠੇ ਕਿ ਮੈਂ ਨਿਗਲ ਲਿਆ ਜਾਵਾਂ?** ਇਨ੍ਹਾਂ ਬਿਆਨਬਾਜ਼ੀ ਪ੍ਰਸ਼ਨਾਂ ਦਾ ਉੱਤਰ ਜਾਰੀ ਹੈ "ਨਹੀਂ!" ਅਲੀਹੂ ਦੇ ਇਸ ਡਰ ਕਾਰਣ ਕਿ "ਉਹ ਨਿਗਲ ਲਿਆ ਨਾ ਜਾਵੇ" ਉਹ ਪਰਮੇਸ਼ੁਰ ਦੇ ਨਾਲ ਸਿੱਧੀ ਗੱਲ ਨਹੀਂ ਕਰਨਾ ਚਾਹੁੰਦਾ ਸੀ। ਹਾਰਟਲੀ ਨੇ ਸਮਝਾਇਆ, "ਪਰਮੇਸ਼ੁਰ ਅਸਾਨੀ ਨਾਲ ਇਸ ਬਚਾਓ ਪੱਖ ਦੀਆਂ ਦਲੀਲਾਂ ਨੂੰ ਪਛਾੜ ਦੇਵੇਗਾ ਅਤੇ ਉਸ ਵਿਅਕਤੀ ਦੇ ਖਿਲਾਫ਼ ਸਖ਼ਤ ਫ਼ੈਸਲਾ ਸੁਣਾਵੇਗਾ।"[12] ਅਲੀਹੂ ਇਹ ਦਾਅਵਾ ਕਰ ਰਿਹਾ ਸੀ ਕਿ ਉਸ ਦੇ ਅੰਦਰ ਅੱਯੂਬ ਨਾਲੋਂ ਵਧੇਰੇ ਸਮਝ ਸੀ; ਉਹ ਖੁਦ ਪਰਮੇਸ਼ੁਰ ਨੂੰ ਚੁਣੌਤੀ ਨਹੀਂ ਦੇਵੇਗਾ।

## ਪਰਮੇਸ਼ੁਰ ਦਾ ਭੈਮਾਨ ਤੇਜ (37:21-24)

**[21]ਹੁਣ ਤਾਂ ਓਹ ਉਸ ਚਾਨਣੇ ਵੱਲ ਨਹੀਂ ਵੇਖ ਸੱਕਦੇ, ਜਿਹੜਾ ਬੱਦਲਾਂ ਵਿੱਚ ਚਮਕਦਾ ਹੈ, ਪਰ ਹਵਾ ਲੰਘ ਕੇ ਉਨ੍ਹਾਂ ਨੂੰ ਸਾਫ਼ ਕਰ ਦਿੰਦੀ ਹੈ। [22]ਉੱਤਰ ਵੱਲੋਂ ਸੁਨਹਿਰੀ ਝਲਕ ਆਉਂਦੀ ਹੈ, ਪਰਮੇਸ਼ੁਰ ਉੱਤੇ ਭੈਮਾਨ ਤੇਜ ਹੈਗਾ। [23]ਸਰਬ ਸ਼ਕਤੀਮਾਨ ਨੂੰ ਆਪਾਂ ਲੱਭ ਨਹੀਂ ਸੱਕਦੇ, ਉਹ ਸ਼ਕਤੀ ਵਿੱਚ ਮਹਾਨ ਹੈਗਾ, ਉਹ ਨਿਆਉਂ ਅਤੇ ਧਰਮੀ ਦੀ ਵਾਫ਼ਰੀ ਨੂੰ ਨਿਰਬਲ ਨਹੀਂ ਕਰੂਗਾ। [24]ਏਸ ਲਈ ਮਨੁੱਖ ਉਸ ਥੋਂ ਡਰਦੇ ਹਨ, ਉਹ ਦਿਲ ਦੇ ਚਾਤਰਾਂ**

**ਦੀ ਪਰਵਾਹ ਨਹੀਂ ਕਰਦਾ।**

**ਆਇਤਾਂ 21, 22.** ਇਨ੍ਹਾਂ ਆਇਤਾਂ ਦੇ ਸੰਬੰਧ ਵਿਚ, ਐੱਚ. ਐੱਚ. ਰਾਊਲੀ ਨੇ ਕਿਹਾ,

> ਇਸ ਦਾ ਅਰਥ ਇਹ ਜਾਪਦਾ ਹੈ ਕਿ ਜਦੋਂ ਹਵਾ ਦੁਆਰਾ ਬੱਦਲਾਂ ਨੂੰ ਉਡਾ ਦਿੱਤਾ ਗਿਆ ਤਾਂ ਅਕਾਸ਼ ਅੱਖਾਂ ਦੇ ਸਾਹਮਣੇ ਬਹੁਤ ਹੀ ਸਾਫ਼ ਸੀ। ਇਸ ਤੋਂ ਬਾਅਦ ਮੁੱਦਾ ਇਹ ਹੈ ਕਿ ਜੇਕਰ ਸਾਫ਼ ਅਕਾਸ਼ ਮਨੁੱਖੀ ਅੱਖਾਂ ਦੇ ਲਈ ਇੰਨਾ ਜ਼ਿਆਦਾ ਚਮਕਦਾਰ ਹੈ, ਤਾਂ ਅੱਖਾਂ ਨੂੰ ਚੁੰਧਿਆ ਦੇਣ ਵਾਲੀ ਪਰਮੇਸ਼ੁਰ ਦੀ ਹਜ਼ੂਰੀ ਹੋਰ ਵੀ ਸਹਿਣ ਤੋਂ ਬਾਹਰ ਹੋਵੇਗੀ।[13]

ਪਰਮੇਸ਼ੁਰ ਦੀ **ਸੁਨਹਿਰੀ ਝਲਕ** ਨੂੰ **ਉੱਤਰ ਵੱਲੋਂ** ਆਉਂਦੇ ਹੋਏ ਦਰਸਾਇਆ ਗਿਆ ਹੈ (26:7 ਤੇ ਟਿੱਪਣੀਆਂ ਵੇਖੋ)।

**ਆਇਤ 23.** ਅਲੀਹੂ ਨੇ ਇਕ ਇਕਰਾਰ ਦੇ ਨਾਲ ਗੱਲਬਾਤ ਨੂੰ ਬੰਦ ਕਰ ਦਿੱਤਾ: **ਸਰਬ ਸ਼ਕਤੀਮਾਨ ਨੂੰ ਆਪਾਂ ਲੱਭ ਨਹੀਂ ਸੱਕਦੇ, ਉਹ ਸ਼ਕਤੀ ਵਿੱਚ ਮਹਾਨ ਹੈਗਾ। ਉਹ ਨਿਆਉਂ ਅਤੇ ਧਰਮੀ ਦੀ ਵਾਫ਼ਰੀ ਨੂੰ ਨਿਰਬਲ ਨਹੀਂ ਕਰੂਗਾ।** ਪਰਮੇਸ਼ੁਰ ਦੇ ਵਿਸ਼ੇ ਵਿਚ ਪੰਜ ਬੁਨਿਆਦੀ ਪੁਸ਼ਟੀਕਰਨ ਦਿੱਤੇ ਗਏ ਹਨ: (1) ਉਹ ਅਗੰਮ ਹੈ, (2) ਉਹ ਸ਼ਕਤੀਮਾਨ ਹੈ, (3) ਉਹ ਜ਼ੁਲਮ ਕਰਨ ਦੇ ਲਈ ਹਿੰਸਾ ਦੀ ਵਰਤੋਂ ਨਹੀਂ ਕਰਦਾ, (4) ਉਹ ਸੱਚਾ ਹੈ ਅਤੇ (5) ਉਹ ਧਰਮੀ ਹੈ।[14]

**ਆਇਤ 24.** ਪਰਮੇਸ਼ੁਰ ਦੇ ਸੁਭਾਓ ਦੇ ਆਧਾਰ ਤੇ, ਅਲੀਹੂ ਨੇ ਦੂਜਿਆਂ ਨੂੰ **ਉਸ ਤੋਂ ਡਰਨ** ਦੀ ਸਲਾਹ ਦਿੰਤੀ (28:28 ਤੇ ਟਿੱਪਣੀਆਂ ਵੇਖੋ)। ਇਹ ਆਦੇਸ਼ ਉਪਦੇਸ਼ਕ ਦੀ ਪੋਥੀ ਦੇ ਸਿੱਟੇ ਦੇ ਸਮਾਨ ਹੈ: "ਪਰਮੇਸ਼ੁਰ ਕੋਲੋਂ ਡਰ ਅਤੇ ਉਹ ਦੀਆਂ ਆਗਿਆਂ ਨੂੰ ਮੰਨ" (ਉਪਦੇਸ਼ਕ 12:13)।

**ਉਹ ਦਿਲ ਦੇ ਚਾਤਰਾਂ ਦੀ ਪਰਵਾਹ ਨਹੀਂ ਕਰਦਾ।** ਇਸ ਕਥਨ ਦਾ ਅਰਥ ਅਸਪੱਸ਼ਟ ਹੈ। ਕੁਝ ਸੰਸਕਰਣ ਇਸ ਵਾਕ "ਦਿਲ ਦੇ ਚਾਤਰਾਂ" ਦੀ ਵਿਆਖਿਆ ਨਕਾਰਾਤਮਕ ਤਰੀਕੇ ਨਾਲ ਕਰਦੇ ਹਨ। NRSV ਅਨੁਵਾਦ ਕਹਿੰਦਾ ਹੈ ਕਿ ਪਰਮੇਸ਼ੁਰ "ਅਜਿਹੇ ਕਿਸੇ ਵਿਅਕਤੀ ਦੀ ਪਰਵਾਹ ਨਹੀਂ ਕਰਦਾ ਜੋ ਆਪਣੀ ਸਮਝ ਵਿਚ ਸਿਆਣਾ ਬਣ ਬੈਠੇ।" ਦੂਸਰੇ ਇਬਰਾਨੀ ਪਾਠ ਨੂੰ ਤਿਆਗਦੇ ਅਤੇ ਇਸ ਨੂੰ ਇਕ ਸਕਾਰਾਤਮਕ ਕਥਨ ਬਣਾਉਂਦੇ ਹਨ। NEB ਬਾਈਬਲ ਵਿਚ ਹੈ "ਸਾਰੇ ਜੋ ਸਿਆਣੇ ਹਨ ਉਸ ਵੱਲ ਤੱਕਦੇ ਹਨ।"

# ਪ੍ਰਾਸੰਗਿਕਤਾ

## ਯਹੋਵਾਹ ਦੀ ਮਹਾਨ ਸ਼ਕਤੀ (37:1-13)

ਪਰਮੇਸ਼ੁਰ ਦੀ ਮਹਾਨ ਸ਼ਕਤੀ ਅਲੀਹੂ ਦੁਆਰਾ ਅੱਯੂਬ 37:1-13 ਵਿਚ ਇਕ ਤੂਫਾਨ ਦੇ ਵੇਰਵੇ ਦੁਆਰਾ ਪ੍ਰਾਪਤ ਕੀਤੀ ਗਈ ਹੈ। ਉਸ ਦੀ ਅਵਾਜ਼ ਨੂੰ ਗਰਜਦੀ ਗਰਜ ਦੇ ਰੂਪ ਵਿਚ ਦਰਸਾਇਆ ਗਿਆ ਹੈ ਜੋ ਅਕਾਸ਼ ਵਿੱਚੋਂ ਲੰਘਦੀ ਹੈ ਅਤੇ ਧਰਤੀ ਨੂੰ ਹਿਲਾਉਂਦੀ ਹੈ। ਬਿਜਲੀ ਦੀਆਂ ਲਿਸ਼ਕਾਂ ਦੀ ਗਰਜ ਦੇ ਕਾਰਨ ਛਾਤੀ ਵਿਚ ਵਿਅਕਤੀ ਦਾ ਦਿਲ ਉੱਛਲਦਾ ਹੈ (37:1-5)। ਅਸੀਂ ਸਾਰਿਆਂ ਨੇ ਤੂਫਾਨ ਨਾਲ ਹੈਰਾਨ ਹੋਣ ਦਾ ਅਨੁਭਵ ਕੀਤਾ ਹੈ। ਹਾਲਾਂਕਿ ਇਹ ਡਰਾਉਣਾ ਹੋ ਸਕਦਾ ਹੈ, ਇਹ ਤੂਫਾਨ ਹੈਰਾਨ ਕਰਨ ਵਾਲਾ ਹੈ ਅਤੇ ਸਾਡੇ ਦਿਲਾਂ ਨੂੰ ਪਰਮੇਸ਼ੁਰ ਦੀ ਅਰਾਧਨਾ ਕਰਨ ਲਈ ਉਤੇਜਿਤ ਕਰਦਾ ਹੈ। ਜਦੋਂ ਅਸੀਂ ਗਰਜ, ਬਿਜਲੀ, ਮੀਂਹ ਅਤੇ ਹਵਾ ਵਿਚ ਉਸ ਦੀ ਮਹਾਨ ਸ਼ਕਤੀ ਨੂੰ ਵੇਖਦੇ ਹਾਂ, ਅਸੀਂ ਉਸ ਦੀ ਉਸਤਤ ਕਰਨ ਤੋਂ ਆਪਣੇ

ਆਪ ਨੂੰ ਰੋਕ ਨਹੀਂ ਸਕਦੇ।

ਪਰਮੇਸ਼ੁਰ ਦੀ ਅਵਾਜ਼ ਦੀ ਸ਼ਕਤੀ ਇਸ ਤੱਥ ਤੋਂ ਸਪੱਸ਼ਟ ਹੈ ਕਿ ਬਰਫ਼ ਅਤੇ ਮੀਂਹ ਉਸ ਦੇ ਵਚਨ ਨਾਲ ਪੈਂਦੇ ਹਨ (37:6-12)। ਪਰਮੇਸ਼ੁਰ ਦੀ ਇਕ ਹੈਰਾਨੀਜਨਕ ਵਿਸ਼ੇਸ਼ਤਾ ਜੋ ਉਸ ਨੂੰ ਉਸ ਦੀ ਰਚਨਾ ਨਾਲੋਂ ਵੱਖਰਾ ਕਰਦੀ ਹੈ ਉਹ ਹੈ ਉਸ ਦੇ ਬੋਲਣ ਅਤੇ ਚੀਜ਼ਾਂ ਨੂੰ ਹੋਣ ਦੇਣ ਦੀ ਸਮਰੱਥਾ। ਇਹ ਸ੍ਰਿਸ਼ਟੀ ਦੇ ਵਿਰਤਾਂਤ ਵਿਚ ਵੇਖਿਆ ਗਿਆ ਹੈ ਜਿੱਥੇ ਮੂਲ ਲਿਖਤ ਬਾਰ-ਬਾਰ ਕਹਿੰਦੀ ਹੈ, "ਪਰਮੇਸ਼ੁਰ ਨੇ ਕਿਹਾ ..." ਅਤੇ ਓਵੇਂ ਹੀ ਹੋ ਗਿਆ (ਉਤਪਤ 1)। ਇਬਰਾਨੀਆਂ ਦੀ ਪੁਸਤਕ ਸਾਨੂੰ ਚੇਤੇ ਕਰਾਉਂਦੀ ਹੈ ਕਿ "ਜਗਤ ਪਰਮੇਸ਼ੁਰ ਦੇ ਫ਼ਰਮਾਨ ਨਾਲ ਸਾਜਿਆ ਗਿਆ ਅਤੇ ਜੋ ਕੁਝ ਵੇਖਣ ਵਿੱਚ ਆਉਂਦਾ ਹੈ ਸੋ ਡਿੱਠੀਆਂ ਹੋਈਆਂ ਵਸਤਾਂ ਤੋਂ ਨਹੀਂ ਬਣਿਆ ਹੈ" (ਇਬਰਾਨੀਆਂ 11:3)। ਪਰਮੇਸ਼ੁਰ ਦੇ ਇਕ ਸ਼ਬਦ ਵਿਚ ਧਰਤੀ ਦੀ ਸਾਰੀ ਮਨੁੱਖੀ ਸ਼ਕਤੀ ਨਾਲੋਂ ਵਧੇਰੇ ਸ਼ਕਤੀ ਹੈ। ਉਹ ਸੱਚਮੁੱਚ ਸਰਬ-ਸ਼ਕਤੀਮਾਨ ਹੈ!

ਪਰਮੇਸ਼ੁਰ ਦਾ ਬਰਫ਼ ਅਤੇ ਮੀਂਹ ਨੂੰ ਭੇਜਣਾ ਸਾਨੂੰ ਚੇਤੇ ਕਰਾਉਂਦਾ ਹੈ ਕਿ ਅਸੀਂ ਆਪਣੀਆਂ ਜ਼ਿੰਦਗੀਆਂ ਦੇ ਨਿਯੰਤਰਣ ਵਿਚ ਨਹੀਂ ਹਾਂ। ਅਲੀਹੂ ਨੇ ਟਿੱਪਣੀ ਕੀਤੀ, "ਉਹ ਹਰ ਆਦਮੀ ਦੇ ਹੱਥ ਉੱਤੇ ਮੋਹਰ ਲਾਉਂਦਾ ਹੈ, ਭਈ ਉਸ ਦੇ ਸਾਰੇ ਬਣਾਏ ਹੋਏ ਮਨੁੱਖ ਏਹ ਨੂੰ ਜਾਣਨ" (37:7)। ਨੌਜਵਾਨ ਕਹਿ ਰਿਹਾ ਸੀ ਕਿ ਲੋਕਾਂ ਨੂੰ ਪਰਮੇਸ਼ੁਰ ਆਪਣੀ ਸ਼ਕਤੀ ਅਤੇ ਤੇਜ ਤੇ ਵਿਚਾਰ ਕਰਵਾਉਣ ਲਈ ਤੂਫਾਨਾਂ ਦੀ ਵਰਤੋਂ ਕਰਦੀ ਹੈ। ਬਰਫ਼ ਅਤੇ ਮੀਂਹ ਦੇ ਕਾਰਣ, ਅੱਯੂਬ ਦੇ ਸਮੇਂ ਵਿਚ ਲੋਕਾਂ ਨੂੰ ਆਪਣਾ ਕੰਮ ਖੇਤਾਂ ਵਿਚ ਛੱਡ ਕੇ ਅੰਦਰ ਜਾਣਾ ਪਿਆ ਸੀ। ਅੱਜ ਅਸੀਂ ਮੌਸਮ ਦੇ ਕਾਰਣ ਅਕਸਰ ਆਪਣੀਆਂ ਯੋਜਨਾਵਾਂ ਨੂੰ ਬਦਲ ਦਿੰਦੇ ਹਾਂ। ਬੇਸਬਾਲ ਅਤੇ ਫੁੱਟਬਾਲ ਵਰਗੀਆਂ ਖੇਡਾਂ ਨੂੰ ਮੁਲਤਵੀ ਕਰ ਦਿੱਤਾ ਜਾਂਦਾ ਹੈ। ਮੌਸਮ ਦੇ ਕਾਰਣ ਪਿਕਨਿਕਾਂ ਅੰਦਰ ਮਨਾਈਆਂ ਜਾਂਦੀਆਂ ਹਨ। ਵਿਹੜੇ ਦਾ ਕੰਮ ਇਕ ਹੋਰ ਦਿਨ ਲਈ ਰਾਖਵਾਂ ਰੱਖ ਦਿੱਤਾ ਜਾਂਦਾ ਹੈ। ਹਾਲਾਂਕਿ ਸਾਡੇ ਕਾਰਜਕ੍ਰਮ ਵਿਚ ਇਹ ਤਬਦੀਲੀਆਂ ਕਈ ਵਾਰ ਨਿਰਾਸ਼ਾਜਨਕ ਹੁੰਦੀਆਂ ਹਨ, ਉਹ ਸਾਨੂੰ ਇਹ ਚੇਤੇ ਕਰਾਉਂਦੀਆਂ ਹਨ ਕਿ ਆਖ਼ਰਕਾਰ ਸਭ ਕੁਝ ਪਰਮੇਸ਼ੁਰ ਦੇ ਨਿਯੰਤਰਣ ਵਿਚ ਹੈ। ਉਹ ਸਰਬ ਸ਼ਕਤੀਮਾਨ ਹੈ ਅਤੇ ਸਾਨੂੰ ਉਸ ਦੀ ਉਸਤਤ ਕਰਨੀ ਚਾਹੀਦੀ ਹੈ।

ਇਸ ਭਾਗ ਦੀ ਆਖ਼ਰੀ ਆਇਤ ਦੱਸਦੀ ਹੈ ਕਿ ਪਰਮੇਸ਼ੁਰ ਤੂਫਾਨ ਕਿਉਂ ਭੇਜਦਾ ਹੈ (37:13)। (1) ਇਹ "ਤਾੜਨ ਲਈ" ਹੋ ਸਕਦਾ ਹੈ। ਜਦ ਕਿ ਅੱਜ ਲੋਕ ਅਕਸਰ ਪਰਮੇਸ਼ੁਰ ਨੂੰ ਮੌਸਮ ਤੋਂ ਅਲੱਗ ਕਰ ਦਿੰਦੇ ਹਨ, ਉਹ ਕਈ ਵਾਰੀ ਸਾਡਾ ਧਿਆਨ ਖਿੱਚਣ ਲਈ ਅਤੇ ਸਾਨੂੰ ਤੋਬਾ ਵੱਲ ਲੈ ਕੇ ਜਾਣ ਲਈ ਤੂਫਾਨਾਂ ਦੀ ਵਰਤੋਂ ਕਰਦਾ ਹੈ। (2) ਇਹ "ਉਸ ਦੀ ਧਰਤੀ ਲਈ" ਹੋ ਸਕਦਾ ਹੈ। ਪੌਦਿਆਂ, ਜਾਨਵਰਾਂ ਅਤੇ ਮਨੁੱਖੀ ਜੀਵਨ ਦੇ ਬਚਾਅ ਲਈ ਨਮੀ ਜ਼ਰੂਰੀ ਹੈ। ਪਰਮੇਸ਼ੁਰ ਦੀ ਰਚਨਾ ਨੂੰ ਕਾਇਮ ਰੱਖਣ ਲਈ ਮੀਂਹ ਜ਼ਰੂਰੀ ਹੈ। (3) ਇਹ "ਦਯਾ ਲਈ" ਹੋ ਸਕਦਾ ਹੈ। ਪਰਮੇਸ਼ੁਰ ਦੀ ਰਚਨਾ ਦੀ ਪ੍ਰਤੀ ਉਸ ਦੀ ਵਫ਼ਾਦਾਰੀ ਵੇਖੀ ਗਈ ਹੈ ਜਦੋਂ ਉਹ ਲਗਾਤਾਰ ਇਸ ਦੇ ਲਈ ਮੁਹੱਈਆ ਕਰਦਾ ਹੈ। ਉਹ ਪਰਮੇਸ਼ੁਰ ਜਿਸ ਦੀ ਅਸੀਂ ਸੇਵਾ ਕਰਦੇ ਹਾਂ ਉਹ ਸਾਡੀ ਕਿੰਨੀ ਪਰਵਾਹ ਕਰਦਾ ਹੈ ਅਤੇ ਸਾਨੂੰ ਕਿੰਨਾ ਪਿਆਰ ਕਰਦਾ ਹੈ!

**ਡੀ ਸਟੀਵਰਟ**

---

## ਟਿੱਪਣੀਆਂ

[1]ਹੋਮਰ ਹੇਲੀ, *ਏ ਕਮੈਂਟਰੀ ਆਨ ਅੱਯੂਬ* (ਐੱਨ.ਪੀ.: ਰੀਲੀਜੀਅਸ ਸਪਲਾਈ, ਇੰਕ., 1994), 321. [2]ਐਲਬਰਟ ਬਾਰਨਜ, *ਅੱਯੂਬ*, ਨੋਟਸ ਆਨ ਦਿ ਓਲਡ ਟੈਸਟਾਮੈਂਟ, ਸੰਪਾ. ਰੌਬਰਟ ਫਰਿਊ (ਗਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1950), 2:178. [3]ਜੌਨ ਈ. ਹਾਰਟਲੀ, *ਦ ਬੁਕ ਆਫ਼ ਅੱਯੂਬ*, ਦ ਨਿਊ ਇੰਟਰਨੈਸ਼ਨਲ

ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1988), 480. [4]ਵਿਲੀਅਮ ਡੀ. ਰੀਬਰਨ, *ਏ ਹੈਂਡਬੁਕ ਆਨ ਦਿ ਬੁਕ ਆਫ਼ ਅੱਯੂਬ* (ਨਿਊ ਯਾਰਕ: ਯੂਨਾਈਟਡ ਬਾਈਬਲ ਸੋਸਾਇਟੀਜ਼, 1992), 681. [5]ਹਾਰਟਲੀ, 172. [6]ਮਾਰਵਿਨ ਐਚ. ਪੋਪ, *ਅੱਯੂਬ*, ਦਿ ਐਂਕਰ ਬਾਈਬਲ, ਜਿਲਦ 15 (ਗਾਰਡਨ ਸਿਟੀ, ਨਿਊ ਯਾਰਕ: ਡੱਬਲਡੇਅ ਐਂਡ ਕੰਪਨੀ, ਇੰਕ., 1965) ਦਾ ਸਫ਼ਾ 242 ਵੇਖੋ। [7]ਰੋਬਰਟ ਐਲ. ਐਲਡਨ, *ਅੱਯੂਬ*, ਦ ਨਿਊ ਅਮੈਰੀਕਨ ਕਮੈਂਟਰੀ (ਐੱਨ.ਪੀ.: ਬਰੋਡਮੈਨ ਐਂਡ ਹੋਲਮੈਨ ਪਬਲਿਰਸ਼ਜ਼, 1993), 361. [8]ਉਸੇ ਸਥਾਨ ਤੇ, 362. [9]ਪੋਪ, 244. [10]ਐਲਡਨ, 363.

[11]ਫਰੈਡਰਿਕ ਡਬਲਿਯੂ. ਡੈਂਕਰ, "ਮਿਰਰ," *ਦਿ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇਨਸਾਇਕਲੋਪੀਡੀਆ*, ਸੋਧਿਆ ਅੰਕ, ਸੰਪਾ. ਜੀਓਫਰੀ ਡਬਲਿਯੂ. ਬਰੋਮਿਲੀ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1986), 3:382. [12]ਹਾਰਟਲੀ, 483. [13]ਐਚ. ਐਚ. ਰਾਊਲੀ, *ਅੱਯੂਬ*, ਦੀ ਸੈਂਚੁਰੀ ਬਾਈਬਲ, ਨਿਊ ਸੀਰੀਜ਼ (ਗ੍ਰੀਨਵੁੱਡ, ਸਾਊਥ ਕੈਰੋਲਾਈਨਾ: ਦ ਐਟਿਕ ਪ੍ਰੈੱਸ, ਇੰਕ, 1970), 307. [14]ਐਲਡਨ, 365.